# ਕੋਲਨ ਕੈਂਸਰ

## ਤੁਸੀ ਇਸਦੀ ਰੋਕਥਾਮ ਕਰ ਸਕਦੇ ਹੋ

# ਕੋਲਨ ਕੈਂਸਰ ਰੋਕਥਾਮ ਡੇਟਾ

## ਤੀਜਾ

ਸੰਯੁਕਤ ਰਾਜ ਅਮਰੀਕਾ ਵਿੱਚ ਕੋਲਨ ਕੈਂਸਰ ਮਰਦਾਂ ਅਤੇ ਔਰਤਾਂ ਦੋਵਾਂ ਵਿੱਚ-ਤੀਜਾ ਸਭ ਤੋਂ ਆਮ ਪਾਇਆ ਜਾਣ ਵਾਲਾ, ਕੈਂਸਰ ਹੈ ਪਰ ਇਹ ਕੈਂਸਰ ਦੀਆਂ ਸਭ ਤੋਂ ਵੱਧ ਰੋਕਥਾਮ ਕੀਤੀਆਂ ਜਾ ਸਕਣ ਵਾਲੀਆਂ ਕਿਸਮਾਂ ਵਵਿੱਚੋਂ ਇੱਕ ਹੈ।

### 23 ਚੋਂ 1

ਮਰਦਾਂ ਲਈ ਕੋਲਨ ਕੈਂਸਰ
ਦਾ ਜੀਵਨ ਭਰ ਦਾ ਜੋਖਮ



### 25 ਚੋਂ 1

ਔਰਤਾਂ ਲਈ ਕੋਲਨ ਕੈਂਸਰ
ਦਾ ਜੀਵਨ ਭਰ ਦਾ ਜੋਖਮ



**150,000+** ਇਸ ਸਾਲ ਕੋਲਨ ਕੈਂਸਰ ਦੇ ਨਵੇਂ ਕੇਸਾਂ ਦੀ ਗਣਿਤੀ

**50,000+** ਇਸ ਸਾਲ ਕੋਲਨ ਕੈਂਸਰ ਨਾਲ ਮਰਨ ਵਾਲੇ ਲੋਕਾਂ ਦੀ ਗਣਿਤੀ

## 1990

ਇਹ ਅਨੁਮਾਨ ਲਗਾਇਆ ਗਿਆ ਹੈ ਕਿ 1990 ਦੇ ਆਸ-ਪਾਸ ਪੈਦਾ ਹੋਏ ਲੋਕਾਂ ਨੂੰ ਕੋਲਨ ਕੈਂਸਰ ਹੋਣ ਦਾ ਖ਼ਤਰਾ 1950 ਦੇ ਆਸ-ਪਾਸ ਪੈਦਾ ਹੋਏ ਲੋਕਾਂ ਨਾਲੋਂ ਦੁੱਗਣਾ ਅਤੇ ਗੁਦੇ ਦੇ ਕੈਂਸਰ ਦਾ ਖ਼ਤਰਾ ਚਾਰ ਗੁਣਾ ਹੁੰਦਾ ਹੈ।

ਜਦੋਂ ਕਿ ਕਾਰਨ ਕਾਫ਼ੀ ਜਟਿਲ ਹਨ, ਲੇਕਿਨ ਮਾਹਰਾਂ ਦਾ ਮੰਨਣਾ ਹੈ ਕਿ ਗੈਰ-ਸਿਹਤਮੰਦ ਖੁਰਾਕ ਅਤੇ ਬੈਠੇ ਰਹਿਣ ਵਾਲੀ ਜੀਵਨਸ਼ੈਲੀ ਯੋਗਦਾਨ ਪਾ ਸਕਦੀ ਹੈ।

## ਕੈਂਸਰ ਦੀ ਜਾਂਚ ਜਾਨਾਂ ਬਚਾਉਂਦੀ ਹੈ

### ਉਮਰ 45 ਤੋਂ 75

ਕੋਲਨ ਕੈਂਸਰ ਦੇ ਔਸਤ ਖਤਰੇ ਵਾਲੇ ਬਾਲਗਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ

### ਉਮਰ 75+

ਸਕ੍ਰੀਨਿੰਗ ਜਾਰੀ ਰੱਖਣ ਦਾ ਫੈਸਲਾ 75 ਸਾਲ ਤੋਂ ਵੱਧ ਉਮਰ ਦੇ ਬਾਲਗਾਂ ਵੱਚਿ ਵਿਅਕਤੀਗਤ ਹੋਣਾ ਚਾਹੀਦਾ ਹੈ

### ਹਰੇਕ 10 ਸਾਲ ਜਾਂ ਹਰੇਕ 1 ਸਾਲ

ਕੋਲੋਨੋਸਕੋਪੀ ਹਰ 10 ਸਾਲਾਂ ਵੱਚਿ 45 ਸਾਲ ਦੀ ਉਮਰ ਤੋਂ ਸ਼ੁਰੂ ਹੁੰਦੀ ਹੈ ਜਾਂ ਹਰ 1 ਸਾਲ ਵੱਚਿ ਇੱਕ ਸਟੂਲ ਟੈਸਟ ਕੋਲਨ ਕੈਂਸਰ ਸਕ੍ਰੀਨਿੰਗ ਲਈ ਸਫ਼ਿਾਰਸ਼ਿ ਕੀਤੇ ਜਾਂਦੇ ਟੈਸਟ ਹਨ।

ਪੌਲੀਪਸ ਨੂੰ ਹਟਾਉਣ ਨਾਲ ਕੋਲਨ ਕੈਂਸਰ ਦਾ ਖਤਰਾ ਘੱਟ ਹੁੰਦਾ ਹੈ ਅਤੇ ਜਾਨ ਬਚ ਜਾਂਦੀ ਹੈ। ਰੋਕਥਾਮ ਦੀ ਤਾਕਤ!

ਵਧੇਰੀ ਜਾਣਕਾਰੀ ਲਈ: gi.org/coloncancer

ਇੱਕ ਡਾਕਟਰ ਦੀ ਭਾਲ ਕਵਿੇਂ ਕੀਤੀ ਜਾਏ: **gi.org/find-a-gastroenterologist**

ਹੋਰ ਪੜ੍ਹਣ ਲਈ: bit.ly/ACG2021-CRC-Guideline

### 1 ਚਰਣ ਵਾਲੀ ਜਾਂਚ

#### ਕੋਲੋਨੋਸਕੋਪੀ

ਕੋਲੋਨੋਸਕੋਪੀ ਇੱਕ ਟੈਸਟ ਹੁੰਦਾ ਹੈ ਜੋ ਕੈਮਰੇ ਦੀ ਵਰਤੋਂ ਕਰਕੇ ਤੁਹਾਡੇ ਕੋਲਨ ਅਤੇ ਗੁਦਾ ਵੱਚਿ ਪੌਲੀਪਸ ਕਹੇ ਜਾਣ ਵਾਲੇ ਵਾਧੇ ਦੀ ਖੋਜ ਕਰਦਾ ਹੈ। ਤੁਹਾਡਾ ਡਾਕਟਰ ਕੋਲੋਨੋਸਕੋਪੀ ਦੌਰਾਨ ਪੌਲੀਪਸ ਨੂੰ ਹਟਾ ਸਕਦਾ ਹੈ ਅਤੇ ਕੋਲਨ ਕੈਂਸਰ ਨੂੰ ਰੋਕ ਸਕਦਾ ਹੈ

### 2 ਚਰਣ ਵਾਲੀ ਜਾਂਚ

ਸਟੂਲ ਟੈਸਟ ਖੂਨ ਦੀ ਸੂਖਮ ਮਾਤਰਾ ਦੀ ਜਾਂਚ ਕਰਦਾ ਹੈ। ਜੇਕਰ ਸਟੂਲ ਟੈਸਟ ਸਕਾਰਾਤਮਕ ਹੁੰਦਾ ਹੈ, ਤਾਂ ਦੂਜੇ ਟੈਸਟ ਦੇ ਤੌਰ 'ਤੇ ਕੋਲੋਨੋਸਕੋਪੀ ਦੀ ਲੋੜ ਹੁੰਦੀ ਹੈ

### 2 ਚਰਣ ਵਾਲੀ ਜਾਂਚ

#### 1ਲਾ ਚਰਣ

ਸਟੂਲ ਟੈਸਟ
ਜਾਂ
ਲਚਕਦਾਰ ਸਿਗਮੋਇਡੋਸਕੋਪੀ
ਜਾਂ
ਇਮੇਜ਼ਿੰਗ ਟੈਸਟ
ਕੋਲਨ ਦਾ ਸੀਟੀ ਸਕੈਨ
ਵੀਡਿਓ ਕੈਪਸੂਲ

ਟੈਸਟ ਪਾਜ਼ੀਟਵਿ ਆਇਆ ਹੈ?

**2ਜਾ ਚਰਣ**
ਕੋਲੋਨੋਸਕੋਪੀ